# ਭਰਮ

## ਭਾਗ–2

ਮਾਨਸਿਕ 'ਭਰਮਾਂ' ਤੋਂ ਇਲਾਵਾ ਅਸੀਂ ਧਾਰਮਿਕ ਭਰਮਾਂ ਵਿਚ ਵੀ ਬੁਰੀ ਤਰ੍ਹਾਂ ਫਸੇ ਹੋਏ ਹਾਂ। ਸਾਡੇ ਧਾਰਮਿਕ ਅਥਵਾ ਪਰਮਾਰਥਿਕ—

ਖ਼ਿਆਲ
ਗਿਆਨ
ਨਿਸਚੇ
ਸ਼ਰਧਾ
ਕਰਮ ਕ੍ਰਿਆ
ਪਾਠ–ਪੂਜਾ
ਜਪ–ਤਪ
ਹਠ

ਆਦਿ—ਸਾਰੇ 'ਸਾਧਨ' ਭੀ ਇਸੇ ਤ੍ਰੈਗੁਣੀ ਮਾਇਕੀ 'ਭਰਮ'–ਭੁਲੇਖਿਆਂ ਉਤੇ 'ਅਧਾਰਤ' ਹਨ। ਨੇਤ੍ਰ ਹੀਣ ਅੰਨ੍ਹੇ–ਜੋ ਕੁਛ ਸੋਚਦੇ ਯਾ ਕਰਮ ਕਰਦੇ ਹਨ, ਉਹ ਉਹਨਾਂ ਦੀ ਓਪਰੀ ਅਤੇ ਅਧੂਰੀ ਸੁਣੀ–ਸੁਣਾਈ ਮਾਨਸਿਕ ਕਲਪਨਾ, ਅਥਵਾ 'ਭਰਮ' ਉਤੇ ਹੀ ਨਿਰਭਰ ਹਨ, ਜੋ ਕਿ ਗਲਤ ਹੋ ਸਕਦਾ ਹੈ।

ਅੰਧੀ ਕੰਮੀ ਅੰਧੁ ਮਨੁ ਮਨਿ ਅੰਧੈ ਤਨੁ ਅੰਧੁ॥ (ਪੰਨਾ–1287)

ਅੰਧਾ ਜਗਤੁ ਅੰਧੁ ਵਰਤਾਰਾ ਬਾਝੁ ਗੁਰੂ ਗੁਬਾਰਾ॥ (ਪੰਨਾ–600)

ਅੰਧੁ ਅਗਿਆਨੀ ਕਦੇ ਨ ਸੀਝੈ॥ (ਪੰਨਾ–160)

ਏਸੇ ਤਰ੍ਹਾਂ ਮਾਨਸਿਕ ਭਰਮ ਦੇ ਹਨੇਰੇ ਵਿਚ, ਅਸੀਂ ਜੋ ਭੀ ਕਰਮ ਕ੍ਰਿਆ ਕਰਦੇ ਹਾਂ, ਸਭ ਫੋਕਟ, ਅਧੂਰੇ, ਗਲਤ ਅਤੇ ਬਿਰਥਾ ਹੁੰਦੇ ਹਨ। ਏਸੇ ਕਾਰਣ ਇਤਨੇ ਪਾਠ, ਪੂਜਾ, ਧਰਮ, ਕਰਮ, ਕਰਦਿਆਂ ਭੀ ਸਾਨੂੰ—

ਆਤਮਿਕ ਸ਼ਾਂਤੀ ਨਹੀਂ ਆਈ
ਪੰਜਾਂ ਵਿਕਾਰਾਂ ਤੋਂ ਛੁਟਕਾਰਾ ਨਹੀਂ ਹੋਇਆ

ਅਨੁਭਵ ਪ੍ਰਕਾਸ਼ ਨਹੀਂ ਹੋਇਆ
'ਨਾਮ' ਦੀ ਪ੍ਰਾਪਤੀ ਨਹੀਂ ਹੋਈ
ਆਤਮਿਕ ਰਸ ਨਹੀਂ ਆਇਆ
ਅਨਹਦ ਧੁਨੀ ਨਹੀਂ ਸੁਣੀ
ਗੋਬਿੰਦ ਨਹੀਂ ਗੱਜਿਆ !

ਅਸੀਂ ਪਰਮਾਰਥ ਦੇ ਪਾਂਧੀ, ਆਮ ਜਨਤਾ ਵਾਂਗ, ਮੋਹ-ਮਾਇਆ ਦੇ ਅੰਧਕਾਰ ਵਿਚ ਭਟਕਦੇ ਫਿਰਦੇ ਹਾਂ, ਅਤੇ 'ਖੂਹ ਦੇ ਡੱਡੂ', ਵਾਂਗ, ਤ੍ਰੈਗੁਣੀ ਮਾਇਕੀ ਭਰਮਗੜ੍ਹ ਦੇ ਕੂੜੇ ਜੀਵਨ ਵਿਚ ਹੀ ਸੰਤੁਸ਼ਟ ਹਾਂ, ਬਲਕਿ ਇਸੇ ਵਿਚ ਆਫਰੇ ਫਿਰਦੇ ਹਾਂ !

ਪੂਜਾ ਅਰਚਾ ਬੰਦਨ ਡੰਡਉਤ ਖਟੁ ਕਰਮਾ ਰਤੁ ਰਹਤਾ ॥
ਹਉ ਹਉ ਕਰਤ ਬੰਧਨ ਮਹਿ ਪਰਿਆ ਨਹ ਮਿਲੀਐ ਇਹ ਜੁਗਤਾ ॥
ਜੋਗ ਸਿਧ ਆਸਣ ਚਉਰਾਸੀਹ ਏ ਭੀ ਕਰਿ ਕਰਿ ਰਹਿਆ ॥
ਵਡੀ ਆਰਜਾ ਫਿਰਿ ਫਿਰਿ ਜਨਮੈ ਹਰਿ ਸਿਉ ਸੰਗੁ ਨ ਗਹਿਆ ॥ (ਪੰ.-642)

ਪੂਜਾ ਕਰਹਿ ਪਰੁ ਬਿਧਿ ਨਹੀ ਜਾਣਹਿ ਦੂਜੈ ਭਾਇ ਮਲੁ ਲਾਈ॥
(ਪੰਨਾ-910)

ਸਾਸਤ ਸਿੰਮ੍ਰਿਤਿ ਬੇਦ ਚਾਰਿ ਮੁਖਾਗਰ ਬਿਚਰੇ ॥
ਤਪੇ ਤਪੀਸਰ ਜੋਗੀਆ ਤੀਰਥਿ ਗਵਨੁ ਕਰੇ ॥
ਖਟੁ ਕਰਮਾ ਤੇ ਦੁਗੁਣੇ ਪੂਜਾ ਕਰਤਾ ਨਾਇ ॥
ਰੰਗੁ ਨ ਲਗੀ ਪਾਰਬ੍ਰਹਮ ਤਾ ਸਰਪਰ ਨਰਕੇ ਜਾਇ ॥ (ਪੰਨਾ-70)

ਕਾਹੂ ਲੈ ਪਾਹਨ ਪੂਜ ਧਰਯੋ ਸਿਰ ਕਾਹੂ ਲੈ ਲਿੰਗ ਗਰੇ ਲਟਕਾਇਓ ॥
ਕਾਹੂ ਲਖਿਓ ਹਰਿ ਅਵਾਚੀ ਦਿਸਾ ਮਹਿ ਕਾਹੂ ਪਛਾਹ ਕੋ ਸੀਸੁ ਨਿਵਾਇਓ ॥
ਕੋਊ ਬੁਤਾਨ ਕੋ ਪੂਜਤ ਹੈ ਪਸੁ ਕੋਊ ਮ੍ਰਿਤਾਨ ਕੋ ਪੂਜਨ ਧਾਇਓ ॥
ਕੂਰ ਕ੍ਰਿਆ ਉਰਝਿਓ ਸਭ ਹੀ ਜਗ ਸ੍ਰੀ ਭਗਵਾਨ ਕੋ ਭੇਦੁ ਨ ਪਾਇਓ ॥
(ਸਵੈਯੇ ਪਾ: 10)

ਤ੍ਰੈਗੁਣੀ ਮਾਇਕੀ ਮੰਡਲ ਅੰਦਰ, ਸੀਮਤ ਬੁੱਧੀ ਦੀ ਹੀ 'ਖੇਡ' ਹੈ। ਸਾਡੀ ਬੁੱਧੀ ਕਿੰਨੀ ਹੀ ਤੀਖਣ ਹੋਵੇ, ਇਸ ਤੋਂ ਉਪਜਿਆ ਗਿਆਨ ਸਿਰਫ਼ 'ਅੰਨ੍ਹੇ ਦੀ ਟੋਹ' ਦੇ ਬਰਾਬਰ ਅਧੂਰਾ ਅਤੇ ਸੀਮਤ ਹੈ। ਐਸਾ 'ਦਿਮਾਗੀ ਗਿਆਨ' ਕਿਸੇ ਸੀਮਾ ਤਾਈਂ ਹੀ ਸੋਚ 'ਵਿਚਾਰ' ਸਕਦਾ ਹੈ, ਪਰ ਅਨੁਭਵੀ ਮੰਡਲ ਤਾਈਂ ਇਸ ਦੀ ਪਹੁੰਚ ਨਹੀਂ ਹੈ।

ਜਦ ਤਾਂਈ ਅਨੁਭਵੀ ਪ੍ਰਕਾਸ਼ ਦੁਆਰਾ, 'ਮਾਇਕੀ ਭਰਮ' ਪੂਰੀ ਤਰ੍ਹਾਂ ਦੂਰ ਨਹੀਂ ਹੁੰਦਾ, ਅਸੀਂ ਹਰ ਗਲ, ਅਥਵਾ ਧਾਰਮਿਕ ਅਤੇ ਆਤਮਿਕ ਨਿਸ਼ਚਿਆਂ ਨੂੰ ਭੀ, ਭਰਮ ਵਾਲੀ

'ਧੁੰਧਲੀ' ਬੁਧੀ ਨਾਲ ਹੀ ਸੋਚਦੇ, ਪਰਖਦੇ ਅਤੇ ਸਮਝਦੇ ਹਾਂ। ਇਸ ਅਧੂਰੀ 'ਧੁੰਧਲੀ' ਬੁਧੀ ਦੇ ਗਿਆਨ ਉਤੇ ਅਧਾਰਤ, ਸਾਡਾ 'ਨਿਸਚਾ' ਅਤੇ 'ਸ਼ਰਧਾ' ਭੀ, ਫੋਕੀ, ਓਪਰੀ ਅਤੇ ਗਲਤ ਹੋ ਸਕਦੀ ਹੈ।

ਇਸ ਤਰ੍ਹਾਂ ਅਸੀਂ, 'ਭਰਮ' ਦੀ ਅਗਿਆਨਤਾ ਵਿਚ—

ਪਰਮਾਤਮਾ
ਗੁਰੂ
ਅਵਤਾਰ
ਸਾਧ
ਸੰਤ
ਕਾਇਨਾਤ
ਧਰਮ
ਕਰਮ-ਕ੍ਰਿਆ

ਬਾਬਤ, ਆਪੋ-ਆਪਣੇ ਗਲਤ ਯਾ ਕੂੜੀਆਂ ਕਲਪਨਾਵਾਂ ਅਤੇ ਨਿਸਚੇ ਬਣਾਈ ਬੈਠੇ ਹਾਂ।

ਏਸੇ ਅੱਡੋ-ਅੱਡਰੇ ਖ਼ਿਆਲਾਂ ਅਤੇ ਨਿਸ਼ਚਿਆਂ ਕਾਰਣ ਹੀ ਵਾਦ ਵਿਵਾਦ ਹੁੰਦੇ ਹਨ ਅਤੇ ਰਾਜਸੀ, ਆਰਥਿਕ ਅਤੇ ਸਮਾਜਿਕ ਝਗੜੇ ਹੁੰਦੇ ਹਨ। ਇਨ੍ਹਾਂ ਗਲਤ ਨਿਸਚਿਆਂ ਕਾਰਣ ਹੀ ਧਾਰਮਿਕ ਤਅੱਸੁਬ, ਨਫ਼ਰਤ, ਲੜਾਈਆਂ ਅਤੇ ਖ਼ੂਨ ਖਰਾਬੇ ਅਥਵਾ ਜ਼ੁਲਮ ਦਾ ਵਰਤ ਵਰਤਾਰਾ ਹੋ ਰਿਹਾ ਹੈ।

ਜਿਸ ਤਰ੍ਹਾਂ ਇਕ ਅੰਨ੍ਹਾ ਦੂਜੇ ਅੰਨ੍ਹੇ ਦੀ ਅਗਵਾਈ ਨਹੀਂ ਕਰ ਸਕਦਾ, ਪਰ ਜੇ ਅਗਵਾਈ ਕਰਦਾ ਭੀ ਹੈ, ਤਾਂ ਦੋਨੋਂ ਹੀ ਚੋਟਾਂ ਖਾਂਦੇ ਤੇ ਦੁਖੀ ਹੁੰਦੇ ਹਨ ਅਤੇ ਮੰਜ਼ਿਲ ਤੇ ਨਹੀਂ ਪਹੁੰਚ ਸਕਦੇ।

ਅੰਧਾ ਆਗੂ ਜੇ ਥੀਐ ਕਿਉ ਪਾਧਰੁ ਜਾਣੈ॥ (ਪੰਨਾ-767)

ਗੁਰੂ ਜਿਨਾ ਕਾ ਅੰਧੁਲਾ ਸਿਖ ਭੀ ਅੰਧੇ ਕਰਮ ਕਰੇਨਿ ॥ (ਪੰਨਾ-951)

ਅੰਧੇ ਕੈ ਰਾਹਿ ਦਸਿਐ ਅੰਧਾ ਹੋਇ ਸੁ ਜਾਇ ॥
ਹੋਇ ਸੁਜਾਖਾ ਨਾਨਕਾ ਸੋ ਕਿਉ ਉਝੜਿ ਪਾਇ ॥ (ਪੰਨਾ-954)

ਇਸੇ ਤਰ੍ਹਾਂ, ਆਤਮਿਕ ਪ੍ਰਕਾਸ਼ ਦੇ ਅਨੁਭਵੀ ਗਿਆਨ ਤੋਂ ਬਗੈਰ, ਮਾਨਸਿਕ 'ਭਰਮ-ਭੁਲਾਵੇ' ਵਿਚ ਗਲਤਾਨ ਹੋਏ 'ਧਾਰਮਿਕ ਪ੍ਰਚਾਰਕ' ਭੀ, ਹੋਰਨਾਂ ਜਗਿਆਸੂਆਂ ਨੂੰ ਆਤਮਿਕ 'ਜੀਵਨ ਸੇਧ' ਨਹੀਂ ਦੇ ਸਕਦੇ।

ਅਵਰ ਉਪਦੇਸੈ ਆਪਿ ਨ ਬੂਝੈ ॥

ਐਸਾ ਬ੍ਰਾਹਮਣੁ ਕਹੀ ਨ ਸੀਝੈ ॥ (ਪੰਨਾ-372)

ਉਪਦੇਸੁ ਕਰੈ ਆਪਿ ਨ ਕਮਾਵੈ ਤਤੁ ਸਬਦੁ ਨ ਪਛਾਨੈ ॥ (ਪੰਨਾ-380)

ਮੁਖ ਤੇ ਪੜਤਾ ਟੀਕਾ ਸਹਿਤ॥ ਹਿਰਦੈ ਰਾਮੁ ਨਹੀ ਪੂਰਨ ਰਹਤ ॥
ਉਪਦੇਸੁ ਕਰੇ ਕਰਿ ਲੋਕ ਦ੍ਰਿੜਾਵੈ॥ ਅਪਨਾ ਕਹਿਆ ਆਪਿ ਨ ਕਮਾਵੈ ॥ (ਪੰ.-887)

ਅਨੁਭਵੀ 'ਆਤਮ-ਪ੍ਰਕਾਸ਼' ਦੇ ਸਚੇ 'ਤਤ ਗਿਆਨ' ਤੋਂ ਬਗੈਰ ਜੋ ਪ੍ਰਚਾਰ ਹੁੰਦਾ ਹੈ, ਓਹ ਸਭ ਫੋਕਟ, ਓਪਰਾ, ਅਧੂਰਾ ਅਤੇ ਗਲਤ ਹੋ ਸਕਦਾ ਹੈ, ਜਿਸ ਨਾਲ ਜਨਤਾ, ਹੋਰ ਭੀ 'ਭਰਮ' ਦੇ ਭੰਬਲ ਭੂਸਿਆਂ ਵਿਚ ਪੈ ਜਾਂਦੀ ਹੈ, ਅਤੇ ਆਤਮ ਪ੍ਰਕਾਸ਼ ਵਾਲੀ ਸਚੀ 'ਜੀਵਨ ਸੇਧ' ਤੋਂ 'ਦੁਰੇਡੇ' ਜਾ ਰਹੀ ਹੈ।

ਫੋਕਟਿ ਧਰਮੀ ਭਰਮਿ ਭੁਲਾਵੈ। (ਵਾ. ਭਾ. ਗੁ. 1/18)

ਇਸੇ ਕਾਰਣ ਸੰਸਾਰ ਵਿਚ ਬੇਅੰਤ ਧਰਮ ਪ੍ਰਚਾਰ ਦੇ ਬਾਵਜੂਦ ਜਨਤਾ 'ਧਰਮ' ਤੋਂ ਅਵੇਸਲੀ ਅਤੇ ਨਾਸਤਕ ਹੋ ਰਹੀ ਹੈ। ਇਸ ਤੋਂ ਇਲਾਵਾ ਸੰਸਾਰ ਵਿਚ ਮਜ਼ਹਬੀ ਤਅੱਸੁਬ, ਨਫ਼ਰਤ, ਵੈਰ-ਵਿਰੋਧ, ਲੜਾਈਆਂ ਅਤੇ ਖ਼ੂਨ ਖਰਾਬੇ ਦਾ ਵਾਧਾ ਹੋ ਰਿਹਾ ਹੈ।

ਬ੍ਰਹਮਣਿ ਬਹੁ ਪਰਕਾਰਿ ਕਰਿ ਸਾਸਤ੍ਰਿ ਵੇਦ ਪੁਰਾਣਿ ਲੜਾਏ।
ਖਟੁ ਦਰਸਨ ਬਹੁ ਵੈਰਿ ਕਰਿ ਨਾਲਿ ਛਤੀਸਿ ਪਖੰਡ ਰਲਾਏ।
ਤੰਤ ਮੰਤ ਰਾਸਾਇਣਾ ਕਰਾਮਾਤਿ ਕਾਲਖਿ ਲਪਟਾਏ। (ਵਾ. ਭਾ. ਗੁ. 1/19)

ਸਾਡੀ ਅਲਪ ਬੁਧੀ ਦੇ 'ਆਤਮਿਕ ਮੰਡਲ' ਦਾ ਗਿਆਨ ਪੜ੍ਹਿਆ- ਪੜ੍ਹਾਇਆ, ਸੁਣਿਆ-ਸੁਣਾਇਆ ਕਲਪਨਾਵਾਂ ਦਾ ਨਿਸਚਾ ਹੀ ਹੈ, ਜਿਸ ਦੇ ਆਸਰੇ ਅਸੀਂ ਵਾਦ-ਵਿਵਾਦ ਵਿਚ ਪੈ ਕੇ ਸਚੀ ਆਤਮਿਕ 'ਜੀਵਨ ਸੇਧ' ਤੋਂ ਦੁਰਾਡੇ ਚਲੇ ਜਾ ਰਹੇ ਹਾਂ ਅਤੇ ਅਨੁਭਵੀ ਆਤਮ ਪ੍ਰਕਾਸ਼ ਤੋਂ ਵਾਂਝੇ ਰਹਿੰਦੇ ਹਾਂ।

'ਆਤਮ ਮੰਡਲ' ਦੇ ਪ੍ਰਕਾਸ਼ ਦੇ 'ਤਤ ਗਿਆਨ' ਨੂੰ, ਮਾਇਕੀ ਅਲਪ ਬੁਧੀ ਨਾਲ ਸਮਝਣਾ, ਵਿਚਾਰਨਾ, ਘੋਖਣਾ ਅਤੇ ਪ੍ਰਚਾਰ ਕਰਨਾ ਭੀ, 'ਮਾਨਸਿਕ ਭਰਮ' ਹੀ ਹੈ। ਇਸ ਤਰ੍ਹਾਂ ਅਸੀਂ ਅਨੁਭਵੀ ਆਤਮ ਮੰਡਲ ਦੀ ਉਚਤਾ ਤੇ ਮਹਾਨਤਾ ਨੂੰ, ਆਪਣੀ ਅਲਪ ਬੁਧੀ ਤਾਂਈ 'ਸੀਮਤ' ਕਰ ਦਿਤਾ ਹੈ। ਏਹੋ ਹੀ ਸਾਡਾ ਵਡਾ 'ਭਰਮ-ਭੁਲੇਖਾ' ਹੈ। ਜਿਸ ਵਿਚ ਸਾਰਾ ਸੰਸਾਰ ਗ੍ਰਸਿਆ ਹੋਇਆ ਹੈ।

ਕਥਨੀ ਬਦਨੀ ਕਰਤਾ ਫਿਰੈ ਹੁਕਮੈ ਮੂਲਿ ਨ ਬੁਝਈ ਅੰਧਾ ਕਚੁ ਨਿਕਚੁ ॥
(ਪੰਨਾ-509)

ਕਥਨੀ ਕਹਿ ਭਰਮੁ ਨ ਜਾਈ॥ ਸਭ ਕਥਿ ਕਥਿ ਰਹੀ ਲੁਕਾਈ॥ (ਪੰ.-655)

ਕਥਨੀ ਬਦਨੀ ਕਰਤਾ ਫਿਰੈ ਹੁਕਮੁ ਨ ਬੂਝੈ ਸਚੁ ॥ (ਪੰਨਾ-950)

ਸਤਸੰਗ ਕਰਦਿਆਂ ਹੋਇਆਂ, ਜਦ ਕਿਤੇ ਮਨ ਉਤੇ ਗੁਰਬਾਣੀ ਦੀ ਚੋਟ ਪੈਂਦੀ ਹੈ, ਤਾਂ ਮਨ ਦ੍ਰਵ ਜਾਂਦਾ ਹੈ, ਅਤੇ ਵੈਰਾਗ ਵਿਚ ਆ ਕੇ ਅਸੀਂ 'ਝੂਮਣ' ਲਗ ਪੈਂਦੇ ਹਾਂ, ਯਾ ਅਣਹੋਣੀਆਂ ਹਰਕਤਾਂ ਕਰਦੇ ਹਾਂ ਅਤੇ ਅਖਾਂ ਵਿਚ ਵੈਰਾਗ ਦੇ ਹੰਝੂ ਕੇਰਦੇ ਹਾਂ।

ਇਹ ਜਜ਼ਬਾਤੀ ਉੱਤੇਜਨਾ ਅਥਵਾ 'ਉਬਾਲ', ਦੁਧ ਦੇ ਉਬਾਲ ਵਾਂਗ, ਖਿਨ ਭੰਗਰ ਹੀ ਰਹਿੰਦੀ ਹੈ ਅਤੇ ਛੇਤੀ ਮਨ ਵਿਚ ਦ੍ਰਿੜ ਹੋਏ ਮਾਨਸਿਕ 'ਭਰਮ', ਮੁੜ ਛਾ ਜਾਂਦੇ ਹਨ।

ਏਸੇ ਤਰ੍ਹਾਂ ਕਿਸੇ ਉਕਸਾਹਟ ਕਾਰਣ, ਸਾਡੇ ਅੰਦਰ ਮਜ਼ਹਬੀ ਜੋਸ਼ ਭੀ ਉਬਲਤਾ ਹੈ, ਜਿਸ ਦੇ ਅਸਰ ਹੇਠ ਕਈ ਐਸੇ ਬੇ-ਲੋੜੇ ਕਰਮ ਕਰ ਬੈਠਦੇ ਹਾਂ, ਜਿਨ੍ਹਾਂ ਦਾ ਨਤੀਜਾ ਅਤਿਅੰਤ ਦੁਖਦਾਈ ਅਤੇ ਤਬਾਹੀ ਵਾਲਾ ਹੁੰਦਾ ਹੈ।

ਇਹ ਜਜ਼ਬਾਤੀ ਵਲਵਲੇ ਅਤੇ ਜੋਸ਼ ਸਾਡੇ ਮਾਨਸਿਕ ਭਰਮ ਭੁਲਾਵੇ ਕਾਰਣ ਹੀ ਉਪਜਦੇ ਹਨ ਅਤੇ ਆਪਣਾ ਜਲਵਾ ਦਿਖਾ ਕੇ, ਮੁੜ 'ਭਰਮ' ਵਿਚ ਸਮਾ ਜਾਂਦੇ ਹਨ। ਪਰ ਅਸੀਂ ਇਸ ਮਜ਼ਹਬੀ ਉਬਾਲ ਨੂੰ 'ਧਾਰਮਿਕ ਪਰਾਪਤੀ' ਸਮਝ ਕੇ, ਇਸੇ ਨੂੰ ਹੀ ਆਪਣੀ ਆਤਮਿਕ ਮੰਜ਼ਿਲ ਸਮਝ ਲੈਂਦੇ ਹਾਂ।

'ਆਤਮ ਪ੍ਰਕਾਸ਼', 'ਅਨਹਦ ਸ਼ਬਦ', 'ਨਾਮ ਅਮੋਲ' ਨੂੰ ਅਸੀਂ ਫੋਕੇ ਗਿਆਨ ਅਤੇ ਸੁਕੀਆਂ ਫ਼ਿਲੋਸਫ਼ੀਆਂ ਵਿਚ ਹੀ 'ਰੋਲ' ਛਡਿਆ ਹੈ।

ਅਸਲ ਵਿਚ ਇਸ ਊਚਮ ਊਚੇ, ਸੂਚਮ ਸੂਚੇ ਅਨੁਭਵੀ ਪ੍ਰਕਾਸ਼ ਦੇ ਆਤਮਿਕ 'ਤੱਤ-ਗਿਆਨ' ਨੂੰ, ਅਸੀਂ ਦਿਮਾਗੀ ਗਿਆਨ ਤਾਂਈ ਸੀਮਤ ਕਰ ਛਡਿਆ ਹੈ।

ਇਸ ਤਰ੍ਹਾਂ ਅਸੀਂ ਆਪਣੇ ਮਾਨਸਿਕ 'ਭਰਮ-ਭੁਲਾਵੇ' ਵਿਚ, ਆਤਮ-ਮੰਡਲ ਦੀ ਇਸ 'ਇਲਾਹੀ ਦਾਤ' ਦੀ, ਵਡਿਆਈ ਤੇ ਕੀਮਤ ਪਾਉਣ ਦੀ ਬਜਾਇ, ਛੁਟਿਆਈ ਅਤੇ ਨਿਰਾਦਰੀ ਕਰਦੇ ਹਾਂ।

ਲੋਗੁ ਜਾਨੈ ਇਹੁ ਗੀਤੁ ਹੈ ਇਹੁ ਤਉ ਬ੍ਰਹਮ ਬੀਚਾਰ॥ (ਪੰਨਾ-335)

ਮਾਰਗਿ ਮੋਤੀ ਬੀਥਰੇ ਅੰਧਾ ਨਿਕਸਿਓ ਆਇ ॥
ਜੋਤਿ ਬਿਨਾ ਜਗਦੀਸ ਕੀ ਜਗਤੁ ਉਲੰਘੇ ਜਾਇ ॥ (ਪੰਨਾ-1370)

'ਸਬਦ' ਅਥਵਾ 'ਨਾਮ' 'ਪ੍ਰਕਾਸ਼' ਤੋਂ ਬਗੈਰ, ਸੰਸਾਰ ਵਿਚ ਮਾਇਕੀ 'ਭਰਮ' ਦਾ ਹਨੇਰਾ ਹੀ ਛਾਇਆ ਰਹਿੰਦਾ ਹੈ।

ਕਰਹਿ ਬਿਕਾਰ ਵਿਥਾਰ ਘਨੇਰੇ ਸੁਰਤਿ ਸਬਦ ਬਿਨੁ ਭਰਮਿ ਪਇਆ॥
(ਪੰਨਾ-906)

ਬਿਨੁ ਸਬਦੈ ਸਭੁ ਅੰਧ ਅੰਧੇਰਾ ਗੁਰਮੁਖਿ ਕਿਸਹਿ ਬੁਝਾਇਦਾ ॥ (ਪੰ.-1065)

ਬਿਨੁ ਸਬਦੈ ਭਰਮੁ ਨ ਚੂਕਈ ਨਾ ਵਿਚਹੁ ਹਉਮੈ ਜਾਇ ॥ (ਪੰਨਾ-67)

ਦ੍ਰਿਸ਼ਟਮਾਨ ਸਥੂਲ ਮਾਇਕੀ ਮੰਡਲ ਦੇ 'ਅੰਧੇਰ-ਖਾਤੇ' ਅੰਦਰ, ਸਾਡੇ

ਭਰਮ-ਭੁਲੇਖਿਆਂ ਦੇ ਨਿਸਚੇ, ਅਤਿਅੰਤ ਦ੍ਰਿੜ੍ਹ, ਗੂੜ੍ਹੇ, ਗਹਿਰੇ ਅਤੇ ਸ਼ਕਤੀਮਾਨ ਹੋ ਚੁਕੇ ਹਨ, ਪਰ ਸੂਖਮ 'ਆਤਮ-ਪ੍ਰਕਾਸ਼' ਮੰਡਲ ਦੇ ਤੱਤ-ਗਿਆਨ ਤੋਂ ਤਾਂ ਅਸੀਂ ਬਿਲਕੁਲ ਹੀ ਅਗਿਆਤ ਯਾ 'ਕੋਰੇ' ਹਾਂ। ਇਸੇ ਕਰਕੇ ਭਰਮ ਦੀ ਅਗਿਆਨਤਾ ਵਿਚ, 'ਰਬ' ਅਥਵਾ ਪਰਮਾਤਮਾ, ਗੁਰੂ, ਅਵਤਾਰਾਂ ਅਤੇ ਦੇਵੀ ਦੇਵਤਿਆਂ ਦੀ ਬਾਬਤ ਭੀ, ਅਸੀਂ ਆਪੋ-ਆਪਣੀ ਅਲਪ ਬੁਧੀ ਅਨੁਸਾਰ, ਮਨੋਕਲਪਤ —

ਹੋਂਦ
ਸਰੂਪ
ਰੰਗ
ਭੇਖ
ਗੁਣ
ਨਾਮ

ਆਦਿ ਘੜੇ ਹੋਏ ਹਨ, ਅਤੇ ਇਹਨਾਂ ਨੂੰ ਭੀ —

ਦੇਸ਼
ਕਾਲ
ਕੌਮਾਂ
ਧਰਮਾਂ
ਫ਼ਿਰਕਿਆਂ
ਨਸਲਾਂ
ਜਾਤਾਂ
ਕੋੜਮਿਆਂ
ਪ੍ਰਵਾਰਾਂ

ਤਾਈਂ 'ਸੀਮਤ' ਕੀਤਾ ਹੋਇਆ ਹੈ।

ਇਸ ਦਾ ਸਬੂਤ ਇਹ ਹੈ, ਕਿ ਸਾਰਿਆਂ ਧਰਮਾਂ, ਅਥਵਾ ਫ਼ਿਰਕਿਆਂ ਨੇ, ਆਪੋ-ਆਪਣੇ 'ਰੱਬ', ਗੁਰੂ, ਅਵਤਾਰ, ਦੇਵੀ-ਦੇਵਤੇ ਆਦਿ ਤਸੱਵਰ ਕਰਕੇ, ਉਹਨਾਂ ਦੇ ਅੱਡੋ-ਅੱਡਰੇ 'ਸਰੂਪ' ਕਲਪਤ ਕੀਤੇ ਹੋਏ ਹਨ, ਅਤੇ ਹਰ ਇਕ 'ਧਰਮ' ਅਤੇ ਫਿਰਕਿਆਂ ਦੇ ਅੰਦਰ, ਉਨ੍ਹਾਂ ਦੀ ਬਾਬਤ ਭਿੰਨ-ਭਿੰਨ ਖ਼ਿਆਲ, ਕਲਪਨਾ, ਨਿਸਚੇ, ਸ਼ਰਧਾ ਅਤੇ ਪੂਜਾ ਦ੍ਰਿੜ ਕੀਤੀ ਹੋਈ ਹੈ।

ਮਿਸਾਲ ਦੇ ਤੌਰ ਤੇ, ਅਸੀਂ ਆਪੋ-ਆਪਣੇ ਕਲਪਤ 'ਰੱਬ' ਯਾ ਦੇਵਤਿਆਂ ਨੂੰ —

ਭਿੰਨ-ਭਿੰਨ ਨਾਉਂ
ਭਿੰਨ-ਭਿੰਨ ਸ਼ਕਲਾਂ

ਭਿੰਨ-ਭਿੰਨ ਸ਼ਕਤੀਆਂ
ਭਿੰਨ-ਭਿੰਨ ਕਰਤਬ
ਭਿੰਨ-ਭਿੰਨ ਧਰਮਾਂ
ਵੱਖ-ਵੱਖ ਕਰਮ-ਕ੍ਰਿਆ
ਅੱਡ-ਅੱਡ ਮਰਿਆਦਾ

ਵਿਚ ਮਹਿਦੂਦ ਕਰ ਦਿਤਾ ਹੈ।

ਜਿਹਾ ਕਿ, ਅਸੀਂ ਕਿਸੇ ਦੇਵਤੇ ਨੂੰ —

'ਸੁੰਡ' ਲਾ ਦਿਤੀ ਹੈ।

'ਦਹਿ ਸਿਰ' ਲਾ ਦਿਤੇ ਹਨ।

'ਚਾਰ-ਬਾਹਾਂ' ਲਾ ਦਿਤੀਆਂ ਹਨ।

ਸ਼ੇਰ ਉਤੇ ਚੜ੍ਹਾ ਦਿਤਾ।

ਚੂਹੇ ਉਤੇ ਬੈਠਾ ਦਿਤਾ।

ਬਲਦ ਉਤੇ ਬਹਾ ਦਿਤਾ।

ਡਰਾਉਣੀ ਸ਼ਕਲ ਘੜ ਦਿਤੀ

ਆਦਿ, ਅਨੇਕਾਂ ਮਨੋਕਲਪਤ ਸਰੂਪ ਘੜੇ ਹੋਏ ਹਨ !

ਏਥੇ ਹੀ ਬਸ ਨਹੀਂ, ਅਸੀਂ ਆਪੋ ਆਪਣੀਆਂ ਗਰਜਾਂ ਦੀ ਪੂਰਤੀ ਲਈ, ਕੁਦਰਤੀ 'ਤੱਤਾਂ' ਨੂੰ ਭੀ ਦੇਵੀ-ਦੇਵਤਿਆਂ ਦੇ ਰੂਪ ਵਿਚ ਮੰਨਦੇ ਹਾਂ, ਜਿਹਾ ਕਿ ਪਵਨ-ਦੇਵਤਾ, ਪਾਣੀ-ਦੇਵਤਾ, ਅੱਗ-ਦੇਵਤਾ, ਸੂਰਜ-ਦੇਵਤਾ, ਚੰਦ-ਦੇਵਤਾ ਅਤੇ ਹੋਰ ਕਈ ਕਿਸਮ ਦੇ ਜਾਨਵਰਾਂ, ਪੱਥਰਾਂ ਤੇ ਦਰੱਖਤਾਂ ਦੀ ਵੀ ਪੂਜਾ ਪ੍ਰਚਲਤ ਹੈ, ਜਿਹਾ ਕਿ ਸੱਪ, ਪਿਪਲ, ਬੋਹੜ ਆਦਿ।

ਇਸ ਤਰ੍ਹਾਂ ਅਸੀਂ ਆਪਣੇ ਭਰਮ ਦੇ ਅੰਧਕਾਰ ਵਿਚ, ਹੋਰ ਅਨੇਕਾਂ ਵਹਿਮਾਂ, 'ਸ਼ਗਨਾਂ-ਅਪਸ਼ਗਨਾਂ' ਵਿਚ ਭੰਬਲ-ਭੂਸੇ ਖਾ ਰਹੇ ਹਾਂ, ਜਿਹਾ ਕਿ —

ਥਿਤਾਂ-ਵਾਰਾਂ ਦੀ ਵੀਚਾਰ

ਦੇਵੀ-ਦੇਵਤਿਆਂ ਦੀ ਪੂਜਾ

ਜਾਨਵਰਾਂ ਅਥਵਾ ਪਸ਼ੂਆਂ ਦੀ ਉਪਾਸ਼ਨਾ

ਨੌਂ ਗ੍ਰਿਹਾਂ ਅਤੇ ਬਾਰਾਂ ਰਾਸੀਆਂ ਦੀ ਮਨੌਤ

ਛਿਕ-ਹਿਡਕੀ ਦੀ ਵਿਚਾਰ

ਮੜ੍ਹੀਆਂ-ਮਸਾਣਾਂ ਦੀ ਪੂਜਾ

ਦਿਸ਼ਾ ਦੀ ਵਿਚਾਰ

ਤੰਤ੍ਰ–ਮੰਤ੍ਰ–ਜੰਤ੍ਰ ਉਤੇ ਵਿਸ਼ਵਾਸ

ਜਾਤ–ਕੁਲ ਦੀ ਵਿਚਾਰ

ਸੂਤਕ–ਪਾਤਕ ਦੀ ਬੰਦਿਸ਼ ਤੇ ਅਸ਼ੁੱਧੀ

ਜਾਦੂ–ਟੂਣਿਆਂ ਦੀ ਦਹਿਸ਼ਤ

ਆਦਿ, ਹਰ ਇਕ ਦੇਸ਼ ਵਿਚ, ਅਲਗ–ਅਲਗ ਤਰੀਕਿਆਂ ਨਾਲ, ਮੰਨੇ ਜਾਂਦੇ ਹਨ। ਐਸੇ 'ਵਹਿਮ', 'ਭਰਮ', 'ਸ਼ਗਨ', 'ਅਪਸ਼ਗਨ', ਸਿਰਫ਼ ਅਨਪੜ੍ਹ ਪਛੜੀ ਹੋਈ ਜਨਤਾ ਵਿਚ ਹੀ ਨਹੀਂ, ਬਲਕਿ ਸੁਲਝੇ ਹੋਏ ਵਿਦਵਾਨਾਂ ਅਤੇ ਆਧੁਨਿਕ ਦੇਸ਼ਾਂ ਵਿਚਕਾਰ ਭੀ, ਕਿਸੇ ਨ ਕਿਸੇ ਸ਼ਕਲ ਵਿਚ, ਪ੍ਰਚਲਤ ਹਨ।

ਇਹ ਆਪੂੰ ਕਲਪਤ ਕੀਤੇ ਹੋਏ—

ਸ਼ਗਨ

ਅਪਸ਼ਗਨ

ਵਹਿਮ

ਭਰਮ

ਨਿਸਚੇ

ਮਨੌਤਾਂ

ਸਾਡੇ ਅੰਤਰ–ਗਤ ਮਨ ਵਿਚ—ਕਈ ਜਨਮਾਂ ਤੋਂ ਧੱਸ, ਵੱਸ, ਰੱਸ ਕੇ ਦ੍ਰਿੜ੍ਹ ਹੋ ਚੁਕੇ ਹਨ।

ਜਿੰਨਾਂ ਚਿਰ ਅਸੀਂ, 'ਖੂਹ ਦੇ ਡੱਡੂ ਵਾਂਗ', ਇਹਨਾਂ ਭਰਮਾਂ ਦੇ 'ਹਨੇਰ–ਖਾਤੇ' ਵਿਚ ਪਰਵਿਰਤ ਹਾਂ—ਉਤਨਾ ਚਿਰ ਸਾਡੀ ਰੂਹਾਨੀ ਤਰੱਕੀ ਨਹੀਂ ਹੋ ਸਕਦੀ।

ਪਰ ਜਦ ਅਸੀਂ ਇਹਨਾਂ ਵਹਿਮਾਂ ਅਥਵਾ ਭਰਮਾਂ ਨੂੰ 'ਧਰਮ' ਅਥਵਾ ਮਜ਼ਹਬ ਨਾਲ 'ਜੋੜ' ਦਿੰਦੇ ਹਾਂ, ਤਾਂ ਤੇ ਇਹ 'ਭਰਮ' ਸਾਡੇ ਧਾਰਮਿਕ ਜੀਵਨ ਦਾ 'ਅੰਗ' ਹੀ ਬਣ ਜਾਂਦੇ ਹਨ।

ਜਦ ਇਹਨਾਂ 'ਭਰਮਾਂ' ਉਤੇ ਧਰਮ ਅਥਵਾ ਮਜ਼ਹਬ ਦਾ 'ਠੱਪਾ' ਲਗ ਜਾਂਦਾ ਹੈ, ਤਾਂ ਇਨ੍ਹਾਂ ਦੀ 'ਜਕੜ' ਵਿਚੋਂ ਨਿਕਲਨਾ ਅਸੰਭਵ ਹੋ ਜਾਂਦਾ ਹੈ।

ਇਸੇ 'ਭਰਮ–ਭੁਲਾਵੇ' ਵਿਚੋਂ ਉਪਜੇ ਵਿਰੋਧੀ ਖ਼ਿਆਲਾਂ ਅਤੇ ਨਿਸ਼ਚਿਆਂ ਦੇ ਕਾਰਣ ਹੀ ਸੰਸਾਰ ਵਿਚ—

ਈਰਖਾ–ਦਵੈਤ

ਵਾਦ-ਵਿਵਾਦ
ਖ਼ੁਦ-ਗਰਜ਼ੀ
ਲੁਟ-ਖਸੁੱਟ
ਬੇਈਮਾਨੀ
ਭਰਿਸ਼ਟਾਚਾਰੀ
ਝਗੜੇ
ਜ਼ੁਲਮ

ਦਾ ਬੋਲਬਾਲਾ ਤੇ ਵਰਤ-ਵਰਤਾਰਾ ਹੈ।

ਗੁਰਬਾਣੀ ਸਾਨੂੰ ਇਹਨਾਂ ਵਹਿਮਾਂ ਭਰਮਾਂ ਦੀ ਬਾਬਤ ਇਉਂ ਅਗਵਾਈ ਕਰਦੀ ਹੈ—

ਸਗੁਨ ਅਪਸਗੁਨ ਤਿਸ ਕਉ ਲਗਹਿ ਜਿਸੁ ਚੀਤਿ ਨ ਆਵੈ॥ (ਪੰਨਾ-401)

ਛਨਿਛਰਵਾਰਿ ਸਉਣ ਸਾਸਤ ਬੀਚਾਰੁ॥
ਹਉਮੈ ਮੇਰਾ ਭਰਮੈ ਸੰਸਾਰੁ॥ (ਪੰਨਾ-841)

ਸਤਿਗੁਰ ਬਾਝਹੁ ਅੰਧੁ ਗੁਬਾਰੁ॥
ਥਿਤੀ ਵਾਰ ਸੇਵਹਿ ਮੁਗਧ ਗਵਾਰ॥ (ਪੰਨਾ-843)

ਕੋਈ ਪੂਜੈ ਚੰਦੁ ਸੂਰੁ ਕੋਈ ਧਰਤਿ ਅਕਾਸੁ ਮਨਾਵੈ।.......

ਫੋਕਟਿ ਧਰਮੀ ਭਰਮਿ ਭੁਲਾਵੈ। (ਵ: ਭਾ: ਗੁ: 1/18)

ਸਉਣ ਸਗੁਨ ਵੀਚਾਰਣੇ ਨਉ ਗ੍ਰਿਹ ਬਾਰਹ ਰਾਸਿ ਵੀਚਾਰਾ।
ਕਾਮਣ ਟੂਣੇ ਅਉਸੀਆ ਕਣਸੋਈ ਪਾਸਾਰ ਪਸਾਰਾ।
ਗਦਹੁ ਕੁਤੇ ਬਿਲੀਆ ਇਲ ਮਲਾਲੀ ਗਿਦੜ ਛਾਰਾ।
ਨਾਰਿ ਪੁਰਖੁ ਪਾਣੀ ਅਗਨਿ ਛਿਕ ਪਦ ਹਿਡਕੀ ਵਰਤਾਰਾ।
ਥਿਤਿ ਵਾਰ ਭਦ੍ਰਾ ਭਰਮ ਦਿਸਾਸੂਲ ਸਹਸਾ ਸੈਸਾਰਾ।
ਵਲਛਲ ਕਰਿ ਵਿਸਵਾਸ ਲਖ ਬਹੁ ਚੁਖੀ ਕਿਉ ਰਵੈ ਭਤਾਰਾ।
ਗੁਰਮੁਖਿ ਸੁਖ ਫਲੁ ਪਾਰਿ ਉਤਾਰਾ। (ਵਾ: ਭਾ: ਗੁ: 5/8)

ਇਸੇ ਲਈ ਮਾਨਸਿਕ 'ਭਰਮ' ਵਿਚ ਫਸੇ ਹੋਏ 'ਜੀਵਾਂ' ਨੂੰ ਗੁਰਬਾਣੀ ਵਿਚ 'ਸਾਕਤ' ਯਾ 'ਮਨਮੁਖ' ਕਿਹਾ ਗਿਆ ਹੈ।

ਮਨਮੁਖਿ ਅੰਧਾ ਸਬਦੁ ਨ ਜਾਣੈ ਝੂਠੈ ਭਰਮਿ ਭੁਲਾਨਾ॥ (ਪੰਨਾ-604)

ਮਨਮੁਖ ਕੋਠੀ ਅਗਿਆਨੁ ਅੰਧੇਰਾ ਤਿਨ ਘਰਿ ਰਤਨੁ ਨ ਲਾਖਾ॥

ਤੇ ਊਝੜਿ ਭਰਮਿ ਮੁਏ ਗਾਵਾਰੀ ਮਾਇਆ ਭੁਅੰਗ ਬਿਖੁ ਚਾਖਾ॥ (ਪੰਨਾ-696)

ਭਰਮੇ ਭੂਲਾ ਸਾਕਤੁ ਫਿਰਤਾ॥
ਨੀਰੁ ਬਿਰੋਲੈ ਖਪਿ ਖਪਿ ਮਰਤਾ॥ (ਪੰਨਾ-739)

ਪਰ ਜਦ ਅਸੀਂ ਗੁਰਬਾਣੀ ਦੀਆਂ ਇਹ ਪੰਗਤੀਆਂ ਪੜ੍ਹਦੇ ਯਾ ਸੁਣਦੇ ਹਾਂ ਤਾਂ ਅਸੀਂ ਸਮਝਦੇ ਹਾਂ ਕਿ 'ਮਨਮੁਖ' ਯਾ 'ਸਾਕਤ' ਲਫ਼ਜ਼ ਸਾਡੇ ਉਤੇ ਨਹੀਂ ਘਟਦੇ, ਕਿਸੇ ਹੋਰ ਲਈ ਵਰਤੇ ਹੋਣਗੇ, ਕਿਉਂਕਿ ਅਸੀਂ ਆਪਣੇ ਆਪ ਨੂੰ —

ਵਿਦਵਾਨ
ਗਿਆਨੀ
ਪੰਡਿਤ
ਸਾਇੰਸਦਾਨ
ਭਲੇ-ਭਲੇਰੇ
ਆਧੁਨਿਕ
ਸਿਆਣੇ

ਹੀ ਸਮਝਦੇ ਹਾਂ। ਸਾਨੂੰ ਦ੍ਰਿੜ ਅਹਿਸਾਸ ਹੈ, ਕਿ ਅਸੀਂ ਤਾਂ ਲੋਕਾਂ ਦੀ ਅਨਪੜ੍ਹਤਾ ਦੇ ਹਨੇਰ ਨੂੰ ਦੂਰ ਕਰਕੇ, ਨਵੀਨ ਰੌਸ਼ਨੀ ਦਾ ਗਿਆਨ ਦਿੰਦੇ ਹਾਂ, ਇਸ ਲਈ ਭਰਮ ਸਾਡੇ ਨੇੜੇ ਨਹੀਂ ਢੁਕ ਸਕਦਾ। ਪਰ ਗੁਰਬਾਣੀ ਸਾਡੇ ਮਾਨਸਿਕ ਭਰਮਾਂ ਦੀ ਬਾਬਤ ਇਉਂ ਤਾੜਨਾ ਕਰਦੀ ਹੈ।

ਕਥਨੀ ਕਹਿ ਭਰਮੁ ਨ ਜਾਈ॥
ਸਭ ਕਥਿ ਕਥਿ ਰਹੀ ਲੁਕਾਈ॥ (ਪੰਨਾ-655)

ਪੜਿ ਪੜਿ ਗਡੀ ਲਦੀਅਹਿ ਪੜਿ ਪੜਿ ਭਰੀਅਹਿ ਸਾਥ॥
ਪੜਿ ਪੜਿ ਬੇੜੀ ਪਾਈਐ ਪੜਿ ਪੜਿ ਗਡੀਅਹਿ ਖਾਤ॥
ਪੜੀਅਹਿ ਜੇਤੇ ਬਰਸ ਬਰਸ ਪੜੀਅਹਿ ਜੇਤੇ ਮਾਸ॥
ਪੜੀਐ ਜੇਤੀ ਆਰਜਾ ਪੜੀਅਹਿ ਜੇਤੇ ਸਾਸ॥
ਨਾਨਕ ਲੇਖੈ ਇਕ ਗਲ ਹੋਰੁ ਹਉਮੈ ਝਖਣਾ ਝਾਖ॥ (ਪੰਨਾ-467)

ਬਹੁਤੁ ਸਿਆਣਪ ਜਮ ਕਾ ਭਉ ਬਿਆਪੈ॥
ਅਨਿਕ ਜਤਨ ਕਰਿ ਤ੍ਰਿਸਨ ਨਾ ਧ੍ਰਾਪੈ॥ (ਪੰਨਾ-266)

ਸਾਡੀਆਂ ਦਿਮਾਗੀ —

ਸਿਆਣਪਾਂ

ਚਤੁਰਾਈਆਂ
ਵਿਦਿਅਕ ਗਿਆਨ
ਫ਼ਿਲੌਸਫ਼ੀਆਂ

ਤ੍ਰੈਗੁਣੀ ਮਾਇਕੀ ਮੰਡਲ ਦੇ ਭਰਮ-ਭੁਲੇਖੇ ਦੇ ਦਾਇਰੇ ਵਿਚ ਹੀ ਸੀਮਤ ਹਨ। ਇਸ ਲਈ ਦਿਮਾਗੀ ਗਿਆਨ ਦੀ 'ਕੁੱਕੜ-ਉਡਾਰੀ' ਤੇ ਪਰਵਿਰਤੀ ਭੀ, ਮਾਇਕੀ ਮੰਡਲ ਦੇ 'ਭਰਮ-ਗੜ' ਦੀ 'ਅੰਦਰਲੀ' ਪ੍ਰਕਿਰਤੀ ਅਤੇ ਪਰਵਿਰਤੀ ਦੀ ਹੀ 'ਧੁੰਧਲੀ' ਸੋਝੀ ਯਾ ਗਿਆਨ ਦੇ ਸਕਦੀ ਹੈ। ਪਰ, ਇਸ ਤੋਂ ਪਰੇ, 'ਆਤਮ-ਪ੍ਰਕਾਸ਼ ਤਾਂਈਂ ਇਸ ਦੀ ਪਹੁੰਚ ਨਹੀਂ ਹੈ। 'ਆਤਮ ਮੰਡਲ' ਦੀ ਪ੍ਰਕਾਸ਼ਮਈ ਸੋਝੀ ਲਈ, ਸਿਰਫ਼ ਅਨੁਭਵੀ ਆਤਮਿਕ ਗਿਆਨ ਦੀ ਲੋੜ ਹੈ।

ਪਰ ਅਸੀਂ, ਆਪਣੀ ਅਗਿਆਨਤਾ ਕਾਰਣ—ਆਤਮ ਮੰਡਲ ਦੇ ਊਚਮ-ਊਚੇ, ਸੂਚਮ-ਸੂਚੇ, ਆਤਮਿਕ 'ਭੇਦਾਂ' ਨੂੰ ਭੀ ਪੁਰਾਣੇ ਸੁਭਾਵ ਅਨੁਸਾਰ, ਅਲਪ-ਬੁੱਧੀ ਨਾਲ ਸਮਝਣ ਵਿਚ ਹੀ—

ਰੁਝੇ ਹੋਏ ਹਾਂ
ਗਲਤਾਨ ਹਾਂ
ਮਸਤ ਹਾਂ
ਸੰਤੁਸ਼ਟ ਹਾਂ ਅਤੇ
ਆਫਰੇ ਫਿਰਦੇ ਹਾਂ !

ਹਾਲਾਂਕਿ, ਗੁਰਬਾਣੀ ਵਿਚ ਸਪਸ਼ਟ ਦਸਿਆ ਗਿਆ ਹੈ :—

ਬਹੁਤੁ ਸਿਆਣਪ ਭਰਮੁ ਨ ਜਾਏ॥
ਪਚਿ ਪਚਿ ਮੁਏ ਅਚੇਤ ਨ ਚੇਤਹਿ ਅਜਗਰਿ ਭਾਰਿ ਲਦਾਈ ਹੇ॥ (ਪੰਨਾ-1025)

ਪੜੇ ਸੁਨੇ ਕਿਆ ਹੋਈ॥
ਜਉ ਸਹਜ ਨ ਮਿਲਿਓ ਸੋਈ॥ (ਪੰਨਾ-655)

ਪਰ, ਸਾਨੂੰ ਅਜੇ ਤਾਈਂ ਇਹ ਸੋਝੀ ਹੀ ਨਹੀਂ ਆਈ, ਕਿ ਆਤਮਿਕ ਮੰਡਲ ਦਾ 'ਪ੍ਰਕਾਸ਼-ਮਈ-ਤੱਤ ਗਿਆਨ' ਦਿਮਾਗੀ ਅਲਪ ਬੁਧੀ ਦੀ 'ਪਕੜ' ਤੋਂ ਪਰ੍ਹੇ ਹੈ।

ਇਸੇ ਲਈ ਅਸੀਂ ਆਪਣੀ ਅਲਪ ਬੁਧੀ ਨਾਲ ਪ੍ਰਾਪਤ ਕੀਤੇ ਫੋਕੇ ਤੇ ਅਧੂਰੇ ਗਿਆਨ ਦਾ ਪ੍ਰਚਾਰ ਕਰਕੇ ਹੀ ਸੰਤੁਸ਼ਟ ਹਾਂ। ਇਸ ਤਰ੍ਹਾਂ ਅਸੀਂ, ਸਰੋਤਿਆਂ ਨੂੰ ਆਪਣੇ ਵਾਂਗ ਹੀ ਭਰਮ-ਭੁਲਾਵੇ ਦੇ ਭੰਬਲ-ਭੂਸਿਆਂ ਵਿਚ ਫਸਾਈ ਰਖਦੇ ਹਾਂ।

ਇਹ ਗੱਲ ਹੋਰ ਭੀ ਦੁਖਦਾਈ ਹੈ, ਕਿ ਅਸੀਂ ਇਸ 'ਆਤਮ-ਤਤ- ਗਿਆਨ' ਰੂਪੀ ਗੁਰਬਾਣੀ ਦਾ ਪਾਠ, ਗਾਇਨ ਅਤੇ ਪ੍ਰਚਾਰ ਕਰਦੇ ਹੋਏ ਭੀ—ਉਸ ਮਾਨਸਿਕ ਅਗਿਆਨਤਾ

ਦੇ 'ਭਰਮ' ਵਿਚ ਗਲਤਾਨ ਹਾਂ !

ਜਨਮਾਂ-ਜਨਮਾਂ ਤੋਂ ਅਸਥੂਲ ਮਾਇਕੀ ਮੰਡਲ ਵਿਚ ਵਿਚਰਦਿਆਂ ਹੋਇਆਂ, ਸਾਡੀ ਸੀਮਤ ਬੁਧੀ ਦਾ ਦ੍ਰਿਸ਼ਟੀਕੋਨ ਅਤੇ ਗਿਆਨ ਭੀ ਮੋਟਾ, ਠੁੱਲਾ ਅਤੇ ਮਾਦੀ ਹੋ ਚੁਕਿਆ ਹੈ, ਅਤੇ ਅਸੀਂ ਅਤਿ ਸੂਖਮ ਪ੍ਰਕਾਸ਼-ਮਈ ਆਤਮਿਕ ਮੰਡਲ ਦੇ ਵਜੂਦ ਅਤੇ ਪ੍ਰਕਿਰਤੀ ਨੂੰ ਸਮਝਣ, ਬੁਝਣ, ਚੀਨਣ ਤੋਂ 'ਅਸਮਰਥ' ਹਾਂ !

ਇਸ ਲਈ ਅਸੀਂ ਇਸੇ ਭਰਮ-ਮਈ ਧੁੰਧਲੇ 'ਦ੍ਰਿਸ਼ਟੀਕੋਨ' ਤੋਂ ਹੀ 'ਆਤਮਿਕ ਮੰਡਲ' ਦੀ—

ਹੋਂਦ
ਪ੍ਰਕਾਸ਼
ਪ੍ਰਕਿਰਤੀ
ਪ੍ਰਵਿਰਤੀ

ਬਾਬਤ—

ਵਿਚਾਰਦੇ ਹਾਂ
ਸੋਚਦੇ ਹਾਂ
ਖੋਜਦੇ ਹਾਂ ਅਤੇ
ਪਰਖਦੇ ਹਾਂ।

ਇਸ ਤਰ੍ਹਾਂ, ਅਸੀਂ ਗੁਰੂਆਂ, ਅਵਤਾਰਾਂ, ਦੇਵੀ-ਦੇਵਤਿਆਂ ਨੂੰ, ਆਪਣੀਆਂ ਮਾਇਕੀ—

ਦੁਖਾਂ ਦੀ ਨਿਵਿਰਤੀ ਲਈ
ਬੀਮਾਰੀਆਂ ਦੇ ਇਲਾਜ ਲਈ
ਜਾਇਜ-ਨਾਜਾਇਜ਼ ਗ਼ਰਜ਼ਾਂ ਦੀ ਪੂਰਤੀ ਲਈ
ਤ੍ਰਿਸ਼ਨਾ ਦੀ ਪੂਰਤੀ ਲਈ
ਪਾਪਾਂ ਨੂੰ ਛੁਪਾਉਣ ਲਈ
ਜਮਾਂ ਤੋਂ ਬਚਣ ਲਈ
ਲੋਕਾਂ ਵਿਚ 'ਵਾਹ-ਵਾਹ' ਖੱਟਣ ਲਈ
ਭਲੇ-ਭਲੇਰੇ ਬਣਨ ਲਈ
ਧਾਰਮਿਕ ਆਗੂ ਬਣਨ ਲਈ
ਲੋਕਾਂ ਨਾਲ ਵਾਦ-ਵਿਵਾਦ ਲਈ

ਹੀ ਵਰਤਦੇ ਹਾਂ, ਅਤੇ ਇਸੇ ਮਨੋਰਥ ਲਈ ਅਸੀਂ —

ਪਾਠ-ਪੂਜਾ ਕਰਦੇ ਹਾਂ

ਜਪ-ਤਪ ਕਰਦੇ ਹਾਂ

ਹਠ ਕਰਦੇ ਹਾਂ

ਕੁਰਬਾਨੀਆਂ ਦਿੰਦੇ ਹਾਂ

ਨੇਕੀਆਂ ਕਰਦੇ ਹਾਂ

ਅਤੇ ਹੋਰ ਅਨੇਕਾਂ ਕਿਸਮ ਦੇ ਧਾਰਮਿਕ ਜ਼ਫਰ ਜਾਲਦੇ ਹਾਂ।

ਇਹ ਸਭ ਕਰਮ-ਕ੍ਰਿਆ, ਮਾਇਕੀ ਮੰਡਲ ਦੇ 'ਭਰਮ' ਦਾ ਹੀ ਪ੍ਰਗਟਾਵਾ ਅਤੇ ਪ੍ਰਵਿਰਤੀ ਹੈ — ਜਿਸ ਨਾਲ ਅਸੀਂ ਆਪਣੇ ਆਪ ਨੂੰ ਝੂਠੀ ਤਸੱਲੀ ਦੇ ਕੇ, 'ਧਰਮੀ' ਹੋਣ ਦਾ ਦਾਵਾ ਕਰਦੇ ਫਿਰਦੇ ਹਾਂ।

ਦੂਜੇ ਲਫ਼ਜ਼ਾਂ ਵਿਚ, ਅਸੀਂ 'ਪਰਮਾਤਮਾ', ਗੁਰੂਆਂ, ਅਵਤਾਰਾਂ, ਦੇਵੀ-ਦੇਵਤਿਆਂ ਨੂੰ 'ਦੁਕਾਨਦਾਰ' (shopkeeper) ਹੀ ਸਮਝਿਆ ਹੋਇਆ ਹੈ, ਅਤੇ ਓਹਨਾਂ ਨਾਲ 'ਸੌਦੇਬਾਜ਼ੀ' (bargaining) ਦਾ ਹੀ ਵਰਤਾਰਾ ਕਰਦੇ ਹਾਂ !!

ਮਾਇਕੀ ਜੀਵਨ ਦੀਆਂ ਕਾਮਨਾਵਾਂ ਅਤੇ ਗਰਜ਼ਾਂ ਦੀ 'ਗਾਹਕੀ' ਦੀ ਬਹੁਲਤਾ ਨੂੰ ਪਛਾਣ ਕੇ — ਅਨੇਕਾਂ ਅਖੌਤੀ ਗੁਰੂਆਂ, ਅਵਤਾਰਾਂ, ਮਹਾਤਮਾਂ, ਸਾਧੂ-ਸੰਤਾਂ ਨੇ ਧਾਰਮਿਕ ਠਾਠ-ਬਾਠ ਰਚਾਏ ਹੋਏ ਹਨ, ਜਿਨ੍ਹਾਂ ਵਿਚ ਮਾਨਸਿਕ, ਧਾਰਮਿਕ ਤੇ ਆਰਥਿਕ ਗਾਹਕਾਂ ਦੀ 'ਭੀੜ' ਲਗੀ ਰਹਿੰਦੀ ਹੈ !

ਇਸ ਮਾਇਕੀ 'ਭਰਮ-ਗੜ੍ਹ' ਦੇ 'ਹਨੇਰ ਬਾਜ਼ਾਰ' ਵਿਚ ਬੇਅੰਤ ਵਣਜ-ਵਪਾਰ ਅਤੇ ਸੌਦੇ ਬਾਜ਼ੀ ਹੁੰਦੀ ਰਹਿੰਦੀ ਹੈ, ਜਿਸ ਵਿਚ ਪੜ੍ਹੇ-ਲਿਖੇ, ਵਿਦਵਾਨ, ਵਿਗਿਆਨਕ, 'ਭਲੇ-ਭਲੇਰੇ', 'ਧਰਮੀ' ਲੋਕ ਭੀ ਖੁੱਲ੍ਹਮ-ਖੁੱਲ੍ਹਾ ਹਿੱਸਾ ਲੈਂਦੇ ਹਨ !!

ਪਰ ਗੁਰਬਾਣੀ ਵਿਚ ਇਸ ਮਾਇਕੀ 'ਸੌਦੇ ਬਾਜ਼ੀ' ਨੂੰ ਇਉਂ ਦਰਸਾਇਆ ਗਿਆ ਹੈ —

ਬਹੁ ਤਾਲ ਪੂਰੇ ਵਾਜੇ ਵਜਾਏ।। ਨਾ ਕੋ ਸੁਣੇ ਨ ਮੰਨਿ ਵਸਾਏ।।

ਮਾਇਆ ਕਾਰਣਿ ਪਿੜ ਬੰਧਿ ਨਾਚੈ ਦੂਜੈ ਭਾਇ ਦੁਖੁ ਪਾਵਣਿਆ।।

(ਪੰਨਾ-122)

ਪੰਡਿਤ ਜੋਤਕੀ ਸਭਿ ਪੜਿ ਪੜਿ ਕੂਕਦੇ ਕਿਸੁ ਪਹਿ ਕਰਹਿ ਪੁਕਾਰਾ ਰਾਮ।।

ਮਾਇਆ ਮੋਹੁ ਅੰਤਰਿ ਮਲੁ ਲਾਗੈ ਮਾਇਆ ਕੇ ਵਾਪਾਰਾ ਰਾਮ।।

(ਪੰਨਾ–571)

ਕੋਟਿ ਮਧੇ ਕੋ ਵਿਰਲਾ ਸੇਵਕੁ ਹੋਰਿ ਸਗਲੇ ਬਿਉਹਾਰੀ॥ (ਪੰਨਾ–495)

ਜੇਕਰ ਇਮਾਨਦਾਰੀ ਨਾਲ ਗਹੁ ਕਰਕੇ, ਸਾਡੀ ਮਾਨਸਿਕ ਹਾਲਤ ਨੂੰ ਆਤਮਿਕ ਕਸਵੱਟੀ ਦੇ ਆਧਾਰ ਤੇ ਘੋਖਿਆ ਜਾਵੇ, ਤਾਂ ਪ੍ਰਤੀਤ ਹੋਵੇਗਾ ਕਿ—

| | | |
|---|---|---|
| ਤ੍ਰੈਗੁਣੀ ਮਾਇਕੀ ਮੰਡਲ | ਹੀ | ਸਾਡਾ ਸੰਸਾਰ ਹੈ। |
| 'ਭਰਮ ਗੜ੍ਹ' | ਹੀ | ਸਾਡਾ ਦੇਸ਼ ਹੈ। |
| ਪੰਜ 'ਦੂਤ' ਕਾਮ, ਕ੍ਰੋਧ, ਲੋਭ, ਮੋਹ ਅਤੇ ਹੰਕਾਰ | ਹੀ | ਸਾਡੇ ਗੁਰੂ ਹਨ, ਜਿਨ੍ਹਾਂ ਦਾ ਅਸੀਂ 'ਹੁਕਮ' ਮੰਨਦੇ ਹਾਂ, ਅਤੇ ਸੇਵਾ ਕਰਦੇ ਹਾਂ। |
| ਇਹਨਾਂ ਪੰਜਾਂ ਦੀ ਚਾਕਰੀ ਕਰਨੀ | ਹੀ | ਸਾਡੀ 'ਭਗਤੀ' ਅਥਵਾ 'ਕਰਮ–ਧਰਮ' ਹੈ। |
| ਭਰਮਾਂ ਵਿਚ ਪ੍ਰਵਿਰਤ ਰਹਿਣਾ | ਹੀ | ਸਾਡਾ 'ਪਰਮਾਰਥ' ਹੈ। |
| ਮਾਇਆ ਵਿਚ ਗਲਤਾਨ ਹੋਣਾ | ਹੀ | ਸਾਡਾ 'ਧਰਮ' ਯਾ 'ਮਜ਼ਹਬ' ਹੈ। |
| ਅੰਤ੍ਰ–ਆਤਮੇ ਵਸਦੇ ਨਿਰੰਜਨ ਨੂੰ ਬਾਹਰ ਖੋਜਣਾ | ਹੀ | ਸਾਡੀ ਧਾਰਮਿਕ 'ਸਾਧਨਾ' ਹੈ। |
| ਅਮਲੋਕ 'ਜਨਮ' ਨੂੰ ਝੂਠੀ ਮਾਇਆ ਵਿਚ ਰੋਲਣਾ | ਹੀ | ਸਾਡਾ 'ਕਰਤੱਵ' ਹੈ। |
| ਝੂਠੀ ਦੁਨੀਆਂ ਨੂੰ ਸੱਚ ਸਮਝਣਾ | ਹੀ | ਸਾਡੀ ਸਿਆਣਪ ਹੈ। |
| ਵਿਸ਼ਿਆਂ ਵਿਚ ਪ੍ਰਵਿਰਤ ਹੋਣਾ | ਹੀ | ਸਾਡਾ ਸ਼ੁਗਲ ਹੈ। |
| 'ਰੱਬ' ਨੂੰ ਵਿਸਾਰਨਾ | ਹੀ | ਸਾਡੀ ਸਭਿਅਤਾ ਹੈ। |
| ਨਾਸਤਿਕ ਹੋਣਾ | ਹੀ | ਸਾਡਾ ਫ਼ਖ਼ਰ ਤੇ ਆਧੁਨਿਕਤਾ ਹੈ। |
| ਤ੍ਰਿਸ਼ਨਾ ਦੀ ਪੂਰਤੀ | ਹੀ | ਸਾਡੀ ਜੀਵਨ ਸੇਧ ਹੈ। |
| ਭਲੇ–ਭਲੇਰੇ ਅਤੇ ਵਡੇ–ਵਡੇਰੇ ਬਣਨਾ | ਹੀ | ਸਾਡਾ ਜੀਵਨ ਮਨੋਰਥ ਹੈ। |

ਮੋਹ ਮਾਇਆ ਵਿਚ ਫਸਣਾ ਹੀ ਸਾਡੀ ਜੀਵਨ ਕ੍ਰਿਆ ਹੈ।

ਝੂਠੀ ਮਾਇਆ ਅਤੇ ਸੰਪਦਾ ਸੰਚਣੀਹੀ ਸਾਡੀ ਜੀਵਨ 'ਮੰਜ਼ਿਲ' ਹੈ।

ਸਾਡੀ ਐਸੀ ਮਾਨਸਿਕ ਹਾਲਤ ਦੀ ਬਾਬਤ ਗੁਰਬਾਣੀ ਵਿਚ ਇਉਂ-ਤਾੜਨਾ ਅਤੇ ਅਗਵਾਈ ਕੀਤੀ ਗਈ ਹੈ :—

ਜੋ ਤਨੁ ਤੈ ਅਪਨੋ ਕਰਿ ਮਾਨਿਓ ਅਰੁ ਸੁੰਦਰ ਗ੍ਰਿਹ ਨਾਰੀ॥
ਇਨ ਮੈਂ ਕਛੁ ਤੇਰੋ ਰੇ ਨਾਹਨਿ ਦੇਖੋ ਸੋਚ ਬਿਚਾਰੀ॥
ਰਤਨ ਜਨਮੁ ਤੈ ਹਾਰਿਓ ਗੋਬਿੰਦ ਗਤਿ ਨਹੀ ਜਾਨੀ॥
ਨਿਮਖ ਨ ਲੀਨ ਭਇਓ ਚਰਨਨ ਸਿੰਉ ਬਿਰਥਾ ਅਉਧ ਸਿਰਾਨੀ॥ (ਪੰ.-220)

ਮੁਕਤਿ ਪੰਥੁ ਜਾਨਿਓ ਤੈ ਨਾਹਨਿ ਧਨ ਜੋਰਨ ਕਉ ਧਾਇਆ॥
ਅੰਤਿ ਸੰਗ ਕਾਹੂ ਨਹੀ ਦੀਨਾ ਬਿਰਥਾ ਆਪੁ ਬੰਧਾਇਆ॥
ਨਾ ਹਰਿ ਭਜਿਓ ਨ ਗੁਰ ਜਨੁ ਸੇਵਿਓ ਨਹ ਉਪਜਿਓ ਕਛੁ ਗਿਆਨਾ॥
ਘਟ ਹੀ ਮਾਹਿ ਨਿਰੰਜਨੁ ਤੇਰੈ ਤੈ ਖੋਜਤ ਉਦਿਆਨਾ॥ (ਪੰਨਾ-632)

ਛੋਡਿ ਜਾਹਿ ਸੇ ਕਰਹਿ ਪਰਾਲ॥ ਕਾਮਿ ਨ ਆਵਹਿ ਸੇ ਜੰਜਾਲ॥
ਸੰਗਿ ਨ ਚਾਲਹਿ ਤਿਨ ਸਿਉ ਹੀਤ॥ ਜੋ ਬੈਰਾਈ ਸੇਈ ਮੀਤ॥1 ॥
ਐਸੇ ਭਰਮਿ ਭੁਲੇ ਸੰਸਾਰਾ॥ ਜਨਮੁ ਪਦਾਰਥੁ ਖੋਇ ਗਵਾਰਾ॥ਰਹਾਉ ॥
ਸਾਚੁ ਧਰਮੁ ਨਹੀ ਭਾਵੈ ਡੀਠਾ॥ ਝੂਠ ਧੋਹ ਸਿਉ ਰਚਿਓ ਮੀਠਾ॥
ਦਾਤਿ ਪਿਆਰੀ ਵਿਸਰਿਆ ਦਾਤਾਰਾ॥ ਜਾਣੈ ਨਾਹੀ ਮਰਣੁ ਵਿਚਾਰਾ॥2 ॥
ਵਸਤੁ ਪਰਾਈ ਕਉ ਉਠਿ ਰੋਵੈ॥ ਕਰਮ ਧਰਮ ਸਗਲਾ ਈ ਖੋਵੈ॥
ਹੁਕਮੁ ਨ ਬੂਝੈ ਆਵਣ ਜਾਣੇ॥ ਪਾਪ ਕਰੈ ਤਾ ਪਛੋਤਾਣੈ॥3 ॥ (ਪੰਨਾ-676)

ਮਨ ਦੇ ਓਪਰੇ ਜਿਹੇ ਖਿਆਲ, ਨਿਸਚੇ ਅਤੇ ਸ਼ਰਧਾ ਨਾਲ ਅਸੀਂ ਜੋ ਭੀ ਧਾਰਮਿਕ ਕਰਮ-ਕਿਰਿਆ ਕਰਦੇ ਹਾਂ, ਉਹ ਸਭ ਭਰਮ-ਮਈ ਅਲਪ ਬੁੱਧੀ ਤਾਈਂ ਹੀ ਸੀਮਤ ਰਹਿੰਦੇ ਹਨ ਅਤੇ ਇਹਨਾਂ ਦੀ 'ਆਤਮਿਕ-ਪ੍ਰਕਾਸ਼' ਤਾਂਈਂ ਪਹੁੰਚ ਨਹੀਂ ਹੈ।

ਹਰਿ ਕੀ ਗਤਿ ਨਹਿ ਕੋਊ ਜਾਨੈ॥

ਜੋਗੀ ਜਤੀ ਤਪੀ ਪਚਿ ਹਾਰੇ ਅਰੁ ਬਹੁ ਲੋਗ ਸਿਆਨੇ॥ (ਪੰਨਾ-537)

ਜਨਮਾਂ-ਜਨਮਾਂ ਤੋਂ ਮਾਇਕੀ ਭਰਮ ਵਿਚ ਵਿਚਰਦਿਆਂ ਹੋਇਆਂ, ਸਾਡਾ ਮਾਇਕੀ ਦ੍ਰਿਸ਼ਟੀਕੋਨ 'ਠੁੱਲਾ' ਅਤੇ 'ਮਾਦੀ' ਹੋ ਚੁਕਿਆ ਹੈ, ਜਿਸ ਨਾਲ ਅਸੀਂ ਪਰਮਾਤਮਾ, ਗੁਰੂਆਂ ਅਵਤਾਰਾਂ ਨੂੰ ਭੀ ਸਥੂਲ ਰੂਪ ਅਥਵਾ ਦੇਹੀ ਵਿਚ, ਆਪਣੀਆਂ ਅਸਥੂਲ ਅੱਖਾਂ ਨਾਲ ਹੀ, ਦਰਸ਼ਨ ਕਰਣ ਯਾ ਮਿਲਣ ਦੀ ਕਲਪਨਾ ਅਤੇ ਲਾਲਸਾ ਕਰਦੇ ਹਾਂ।

ਪਰਮਾਤਮਾ-ਗੁਰੂ-ਅਵਤਾਰ ਤਾਂ ਸੂਖਮ 'ਸਬਦ' ਅਥਵਾ 'ਨਾਮ' ਸਰੂਪ ਹੁੰਦੇ ਹਨ।

ਇਹਨਾਂ ਦੇ ਦਰਸ਼ਨ ਸਿਰਫ਼ ਅੰਤਰ-ਆਤਮੇ 'ਅਨੁਭਵੀ-ਪ੍ਰਕਾਸ਼ ਦੁਆਰਾ ਹੀ ਹੋ ਸਕਦੇ ਹਨ। ਪਰ ਸਾਨੂੰ 'ਸਬਦ', 'ਨਾਮ' 'ਅਨੁਭਵ-ਪ੍ਰਕਾਸ਼' ਦੀ ਵਿਚਾਰ ਅਥਵਾ ਸੋਝੀ ਹੀ ਨਹੀਂ, ਕਿਉਂਕਿ ਭਰਮ ਭੁਲਾਵੇ ਦੀ ਅਗਿਆਨਤਾ ਵਿਚ, ਸਾਡੀ ਅਲਪ ਬੁਧੀ ਦੀ, ਆਤਮ ਮੰਡਲ ਦੇ ਅਨੁਭਵੀ ਪ੍ਰਕਾਸ਼ ਤਾਈਂ ਪਹੁੰਚ ਨਹੀਂ ਹੈ।

ਸਤਿਗੁਰ ਨੋ ਸਭੁ ਕੋ ਵੇਖਦਾ ਜੇਤਾ ਜਗਤੁ ਸੰਸਾਰੁ॥

ਡਿਠੈ ਮੁਕਤਿ ਨ ਹੋਵਈ ਜਿਚਰੁ ਸਬਦਿ ਨ ਕਰੇ ਵੀਚਾਰੁ॥ (ਪੰਨਾ-594)

ਇਸੇ ਕਰਕੇ ਇਤਨੇ ਧਾਰਮਿਕ ਪਾਠ, ਪੂਜਾ, ਕਰਮ-ਕਿਰਿਆ, ਜਪ, ਤਪ, ਹਠ, ਯੋਗ, ਪ੍ਰਾਣਾਯਾਮ ਆਦਿ ਸਾਧਨਾ ਅਤੇ ਘਾਲਣਾ ਕਰਦੇ ਹੋਏ ਭੀ, ਸਾਨੂੰ ਪਰਮਾਤਮਾ ਦੇ ਦਰਸ਼ਨ ਅਤੇ ਮੇਲ ਨਹੀਂ ਹੁੰਦਾ।

ਪਾਠੁ ਪੜਿਓ ਅਰੁ ਬੇਦੁ ਬੀਚਾਰਿਓ ਨਿਵਲਿ ਭੁਅੰਗਮ ਸਾਧੇ॥
ਪੰਚ ਜਨਾ ਸਿਉ ਸੰਗੁ ਨ ਛੁਟਕਿਓ ਅਧਿਕ ਅਹੰਬੁਧਿ ਬਾਧੇ॥
ਪਿਆਰੇ ਇਨ ਬਿਧਿ ਮਿਲਣੁ ਨ ਜਾਈ ਮੈ ਕੀਏ ਕਰਮ ਅਨੇਕਾ॥ (ਪੰ.-641)

ਕੂਰ ਕ੍ਰਿਆ ਉਰਝਿਓ ਸਭ ਹੀ ਜਗ ਸ੍ਰੀ ਭਗਵਾਨ ਕੋ ਭੇਦੁ ਨ ਪਾਇਓ॥

(ਸਵੈਯੇ ਪਾ: 10)

ਚਲਦਾ.............